THE STATE EDUCATION DEPARTMENT /
THE UNIVERSITY OF THE STATE OF NEW YORK / ALBANY, NY 12234

**Office of Bilingual Education and World Languages**

55 Hanson Place, Room 594
Brooklyn, New York 11217
Tel: 718-722-2445 Fax: 718-722-2459

89 Washington Avenue, Room 528EB
Albany, New York 12234
Tel: 518-474-8775 Fax: 518-474-7948

# ਨਿਊ ਯਾਰਕ ਸਟੇਟ ਦੇ ਅੰਗਰੇਜ਼ੀ ਭਾਸ਼ਾ ਸਿੱਖਣ ਵਾਲਿਆਂ ਲਈ ਮਾਪਿਆਂ ਦੇ ਅਧਿਕਾਰਾਂ ਦਾ ਬਿੱਲ

ਨਿਊ ਯਾਰਕ ਸਟੇਟ ਐਜੂਕੇਸ਼ਨ ਡਿਪਾਰਟਮੈਂਟ ਕਮਿਸ਼ਨਰ ਦੇ ਅਧਿਨਿਯਮਾਂ ਦਾ ਭਾਗ 154 [(New York State Education Department - NYSED) Commissioner Regulations Part 154] ਤੁਹਾਨੂੰ – ਯਾਨੀ ਅੰਗਰੇਜ਼ੀ ਭਾਸ਼ਾ ਸਿੱਖਣ ਵਾਲਿਆਂ (English Language Learners - ELLs) ਨੂ – ਇਹ ਪ੍ਰਦਾਨ ਕਰਾਉਂਦਾ ਹੈ:

1. ਜਿਸ ਸਕੂਲ ਜਿਲ੍ਹੇ ਵਿੱਚ ਤੁਸੀਂ ਰਹਿੰਦ ਹੋ, ਉਸ ਵਿੱਚ ਤੁਹਾਡੇ ਬੱਚਿਆਂ ਨੂੰ ਮੁਫ਼ਤ ਜਨਤਕ ਸਿੱਖਿਆ ਪ੍ਰਾਪਤ ਕਰਨ ਦਾ ਅਧਿਕਾਰ, ਚਾਹੇ ਤੁਹਾਡਾ ਜਾਂ ਤੁਹਾਡੇ ਬੱਚਿਆਂ ਦਾ ਪ੍ਰਵਾਸੀ ਦਰਜਾ ਜੋ ਵੀ ਹੋਵੇ (ਉਦਾਹਰਨ ਲਈ, ਚਾਹੇ ਤੁਹਾਡ ਪਰਿਵਾਰਕ ਮੈਂਬਰ ਨਾਗਰਿਕ ਹਨ, ਪ੍ਰਵਾਸੀ ਹਨ, ਜਾਂ ਦਸਤਾਵੇਜ਼ਾਂ ਵਿੱਚ ਉਹਨਾਂ ਦਾ ਨਾਮ ਨਹੀਂ ਹੈ) ਅਤੇ ਚਾਹੇ ਤੁਸੀਂ ਜਾਂ ਤੁਹਾਡੇ ਬੱਚੇ ਜੋ ਵੀ ਭਾਸ਼ਾ ਬੋਲਦੇ ਹੋਵੋਂ।
2. ਤੁਹਾਡੇ ਬੱਚਿਆਂ ਨੂੰ ਸਕੂਲ ਵਿੱਚ ਦਾਖਲਾ ਦੁਆਉਣ ਦਾ ਅਧਿਕਾਰ, ਬਿਨਾਂ ਉਹ ਜਾਣਕਾਰੀ ਜਾਂ ਦਸਤਾਵੇਜ਼ ਪ੍ਰਦਾਨ ਕਰਾਉਣ ਲਈ ਕਹੇ ਜਾਣ ਦ ਜੋ ਤੁਹਾਡਾ ਜਾਂ ਤੁਹਾਡੇ ਬੱਚਿਆਂ ਦਾ ਪ੍ਰਵਾਸੀ ਦਰਜਾ ਜਾਹਰ ਕਰ ਸਕਦ ਹਨ। ਤੁਹਾਨੂੰ ਇੱਕ ਸਮਾਜਕ ਸੁਰੱਖਿਆ ਕਾਰਡ (social security card) ਜਾਂ ਨੰਬਰ, ਜਾਂ ਪ੍ਰਵਾਸੀ ਵੀਜ਼ਾ ਜਾਂ ਵੀਜ਼ਾ ਦਰਜਾ, ਜਾਂ ਨਾਗਰਿਕਤਾ ਦਸਤਾਵੇਜ਼ ਜਾਂ ਨਾਗਰਿਕਤਾ ਦਾ ਦਰਜਾ ਪ੍ਰਦਾਨ ਕਰਾਉਣ ਲਈ ਨਹੀਂ ਕਿਹਾ ਜਾ ਸਕਦਾ।
3. ਸਕੂਲੀ ਜਿਲ੍ਹੇ ਨਾਲ ਅਹਿਮ ਵਾਰਤਾਲਾਪਾਂ ਵਾਸਤੇ ਸੰਘੀ ਕਨੂੰਨ ਤਹਿਤ ਤੁਹਾਡੀ ਤਰਜੀਹੀ ਭਾਸ਼ਾ ਵਿੱਚ ਕਿਸੇ ਯੋਗਤਾ ਪ੍ਰਾਪਤ ਦੁਭਾਸ਼ੀਏ/ਅਨੁਵਾਦਕ ਦੀਆਂ ਸੇਵਾਵਾਂ ਹਾਸਲ ਕਰਨ ਦਾ ਅਧਿਕਾਰ।
4. ਤੁਹਾਡੇ ਬੱਚਿਆਂ ਨੂੰ ਇੱਕ ਦੁਭਾਸ਼ੀ ਸਿੱਖਿਆ (Bilingual Education - BE) ਪ੍ਰੋਗਰਾਮ ਵਿੱਚ ਪਾਉਣ ਦਾ ਅਧਿਕਾਰ ਜਦ 20 ਜਾਂ ਇਸ ਤੋਂ ਵਧੇਰੇ ਗਰੇਡ-ਪੱਧਰ ਦੇ ਵਿਦਿਆਰਥੀ ਹੋਣ ਜੋ ਇੱਕੋ ਘਰੇਲੂ/ਮੁੱਢਲੀ ਭਾਸ਼ਾ ਬੋਲਦੇ ਹਨ। [1]
5. ਅੰਗਰੇਜ਼ੀ ਅਤੇ ਤੁਹਾਡੀ ਤਰਜੀਹੀ ਭਾਸ਼ਾ ਵਿੱਚ ਲਿਖਤੀ ਨੋਟਿਸ ਪ੍ਰਾਪਤ ਕਰਨ ਦਾ ਅਧਿਕਾਰ ਕਿ ਤੁਹਾਡੇ ਬੱਚਿਆਂ ਦੀ ELLs ਵਜੋਂ ਪਛਾਣ ਕੀਤੀ ਗਈ ਹੈ ਅਤੇ ਉਹਨਾਂ ਨੂੰ ਇੱਕ ਦੁਭਾਸ਼ੀ ਸਿੱਖਿਆ ਜਾਂ 'ਨਵੀਂ ਭਾਸ਼ਾ ਵਜੋਂ ਅੰਗਰੇਜ਼ੀ' (English as a New Language) [ਜਿਸਨੂੰ ਪਹਿਲਾਂ 'ਦੂਜੀ ਭਾਸ਼ਾ ਵਜੋਂ ਅੰਗਰੇਜ਼ੀ' (English as a Second Language) ਵਜੋਂ ਜਾਣਿਆ ਜਾਂਦਾ ਸੀ] ਪ੍ਰੋਗਰਾਮ ਵਿੱਚ ਪਾਇਆ ਜਾਵੇਗਾ। [2]
6. ਤੁਹਾਡੇ ਸਕੂਲੀ ਜਿਲ੍ਹੇ ਵੱਲੋਂ ਪ੍ਰਦਾਨ ਕੀਤੇ ਜਾਂਦੇ ਉੱਚ ਗੁਣਵੱਤਾ ਦਿਸ਼ਾਮਾਨ ਸੈਸ਼ਨ ਵਿੱਚ ਹਾਜ਼ਰ ਹੋਣ ਦਾ ਅਧਿਕਾਰ, ਜੋ ਸਟੇਟ ਦੇ ਮਿਆਰਾਂ, ਟੈਸਟਾਂ, ਅਤੇ ELLs ਵਾਸਤੇ ਸਕੂਲ ਦੀਆਂ ਉਮੀਦਾਂ 'ਤੇ ਧਿਆਨ ਕੇਂਦਰਤ ਕਰਦਾ ਹੈ, ਅਤੇ ਨਾਲ ਹੀ ਦੁਭਾਸ਼ੀ ਸਿੱਖਿਆ ਅਤੇ 'ਨਵੀਂ ਭਾਸ਼ਾ ਵਜੋਂ ਅੰਗਰੇਜ਼ੀ' ਲਈ ਪ੍ਰੋਗਰਾਮ ਦੇ ਟੀਚਿਆਂ ਅਤੇ ਲੋੜਾਂ 'ਤੇ ਧਿਆਨ ਕੇਂਦਰਤ ਕਰਦਾ ਹੈ। ਇਹ ਦਿਸ਼ਾਮਾਨ ਸੈਸ਼ਨ ਲਾਜ਼ਮੀ ਤੌਰ 'ਤੇ ਫਾਈਨਲ ਸਕੂਲ ਪ੍ਰੋਗਰਾਮ ਸਥਾਪਨਾ ਤੋਂ ਪਹਿਲਾਂ, ਅਤੇ ਲਾਜ਼ਮੀ ਤੌਰ 'ਤੇ ਤੁਹਾਡੀ ਤਰਜੀਹੀ ਭਾਸ਼ਾ ਵਿੱਚ ਹੋਣਾ ਚਾਹੀਦਾ ਹੈ।
7. ਤੁਹਾਡੇ ਬੱਚਿਆਂ ਦੇ ਅੰਗਰੇਜ਼ੀ ਭਾਸ਼ਾ ਦੇ ਵਿਕਾਸ, ਅਤੇ ਨਾਲ ਹੀ ਜੇ ਉਹ ਕਿਸੇ ਦੁਭਾਸ਼ੀ ਸਿੱਖਿਆ ਪ੍ਰੋਗਰਾਮ ਵਿੱਚ ਹਨ ਤਾਂ ਉਹਨਾਂ ਦੀ ਘਰੇਲੂ ਭਾਸ਼ਾ ਦੇ ਵਿਕਾਸ ਬਾਰੇ ਜਾਣਕਾਰੀ ਪ੍ਰਾਪਤ ਕਰਨ ਦਾ ਅਧਿਕਾਰ।
8. ਹੋਰ ਸਾਧਾਰਨ ਤੌਰ 'ਤੇ ਲੋੜੀਂਦੀਆਂ ਮੀਟਿੰਗਾਂ ਤੋਂ ਇਲਾਵਾ, ਸਾਲ ਵਿੱਚ ਘੱਟੋ ਘੱਟ ਇੱਕ ਵਾਰ ਸਕੂਲੀ ਅਮਲੇ ਨੂੰ ਮਿਲਣ ਦਾ ਅਧਿਕਾਰ, ਤਾਂ ਜੋ ਤੁਹਾਡੇ ਬੱਚੇ ਦੇ ਸਿੱਖਣ ਦੀ ਸਮੁੱਚੀ ਪ੍ਰਕਿਰਿਆ ਅਤੇ ਭਾਸ਼ਾਈ ਵਿਕਾਸ ਵਿੱਚ ਪ੍ਰਗਤੀ ਬਾਰ ਵਿਚਾਰ-ਵਟਾਂਦਰਾ ਕੀਤਾ ਜਾ ਸਕੇ।

9. ਦਾਖਲਾ ਲੈਣ ਦੇ 10 ਦਿਨਾਂ ਦੇ ਅੰਦਰ ਤੁਹਾਡੇ ਬੱਚਿਆਂ ਨੂੰ ਇੱਕ ਦੁਭਾਸ਼ੀ ਸਿੱਖਿਆ ਜਾਂ 'ਨਵੀਂ ਭਾਸ਼ਾ ਵਜੋਂ ਅੰਗਰੇਜ਼ੀ' ਪ੍ਰੋਗਰਾਮ ਵਿੱਚ ਪਾਏ ਜਾਣ ਦਾ ਅਧਿਕਾਰ, ਅਤੇ ਦੁਭਾਸ਼ੀ ਸਿੱਖਿਆ ਪ੍ਰੋਗਰਾਮ ਵਿੱਚ ਭਾਗ ਨਾ ਲੈਣ ਦੀ ਚੋਣ ਕਰਨ ਦਾ ਅਧਿਕਾਰ। ਘੱਟੋ ਘੱਟ ਪੱਧਰ 'ਤੇ, ਤੁਹਾਡੇ ਬੱਚਿਆਂ ਨੂੰ 'ਨਵੀਂ ਭਾਸ਼ਾ ਵਜੋਂ ਅੰਗਰੇਜ਼ੀ' ਦੀ ਪੜ੍ਹਾਈ ਪ੍ਰਾਪਤ ਹੋਣੀ ਚਾਹੀਦੀ ਹੈ।
10. ਤੁਹਾਡੇ ਬੱਚਿਆਂ ਨੂੰ ਤੁਹਾਡੇ ਜਿਲ੍ਹੇ ਵਿੱਚ ਕਿਸੇ ਹੋਰ ਸਕੂਲ ਤਬਦੀਲ ਕੀਤੇ ਜਾਣ ਦਾ ਅਧਿਕਾਰ ਜੋ ਤੁਹਾਡੀ ਭਾਸ਼ਾ ਵਿੱਚ ਦੁਭਾਸ਼ੀ ਸਿੱਖਿਆ ਦੀ ਪੇਸ਼ਕਸ਼ ਕਰਦਾ ਹੈ, ਜੇਕਰ ਤੁਹਾਡਾ ਬੱਚੇ ਦਾ ਮੂਲ ਸਕੂਲ ਅਜਿਹੇ ਪ੍ਰੋਗਰਾਮ ਦੀ ਪੇਸ਼ਕਸ਼ ਨਹੀਂ ਕਰਦਾ ਹੈ।
11. ਤੁਹਾਡੇ ਬੱਚਿਆਂ ਨੂੰ ਉਮਰ ਅਤੇ ਗਰੇਡ ਪੱਧਰ ਲਈ ਉਚਿਤ, ਸਕੂਲੀ ਜਿਲ੍ਹੇ ਵੱਲੋਂ ਪੇਸ਼ ਕੀਤੇ ਜਾਂਦੇ ਸਾਰੇ ਪ੍ਰੋਗਰਾਮਾਂ ਅਤੇ ਸੇਵਾਵਾਂ ਤੱਕ ਪਹੁੰਚ ਦਾ ਅਧਿਕਾਰ ਜਿਸ ਵਿੱਚ ਉਹ ਵੀ ਸ਼ਾਮਲ ਹਨ ਜੋ ਗਰੈਜੂਏਸ਼ਨ ਲਈ ਲੋੜੀਂਦੇ ਹਨ, ਅਤੇ ਹੋਰਨਾਂ ਵਿਦਿਆਰਥੀਆਂ ਲਈ ਉਪਲਬਧ ਸਾਰੇ ਸਕੂਲੀ ਪ੍ਰੋਗਰਾਮਾਂ ਤੱਕ ਪਹੁੰਚ ਦਾ ਅਧਿਕਾਰ।
12. ਤੁਹਾਡੇ ਬੱਚਿਆਂ ਵਾਸਤੇ ਸਾਰੀ ਪ੍ਰਮੁੱਖ ਸਮੱਗਰੀ ਦੀ ਪੜ੍ਹਾਈ ਪ੍ਰਾਪਤ ਕਰਨ, ਅਤੇ ਅੰਗਰੇਜ਼ੀ ਅਤੇ ਹੋਰ ਵਿਸ਼ੇ ਜਿਵੇਂ ਕਿ ਪੜ੍ਹਨਾ/ਭਾਸ਼ਾਈ ਕਲਾਵਾਂ, ਗਣਿਤ, ਵਿਗਿਆਨ, ਅਤੇ ਸਮਾਜਕ ਵਿਗਿਆਨ ਨੂੰ ਉਸੇ ਅਕਾਦਮਿਕ ਪੱਧਰ 'ਤੇ ਸਿੱਖਣ ਦਾ ਅਧਿਕਾਰ ਜਿਵੇਂ ਹੋਰ ਬੱਚੇ ਸਿੱਖਦੇ ਹਨ। ELL ਸੇਵਾਵਾਂ ਲਈ ਹੱਕਦਾਰੀ ਹੋਣਾ ਪ੍ਰਮੁੱਖ ਸਮੱਗਰੀ ਦੀ ਪੜ੍ਹਾਈ ਪ੍ਰਾਪਤ ਕਰਨ ਦੀ ਯੋਗਤਾ ਨੂੰ ਸੀਮਤ ਨਹੀਂ ਕਰਦਾ।
13. ਤੁਹਾਡੇ ਬੱਚਿਆਂ ਲਈ ਪਾਠਕ੍ਰਮ ਤੋਂ ਬਾਹਰੀ ਕਿਰਿਆਵਾਂ (extracurricular activities) (ਅਫਟਰਸਕੂਲ ਕਲੱਬਾਂ, ਖੇਡਾਂ, ਆਦਿ) ਤੱਕ ਸੰਪੂਰਨ ਪਹੁੰਚ ਦਾ ਅਧਿਕਾਰ। ELL ਸੇਵਾਵਾਂ ਲਈ ਹੱਕਦਾਰੀ ਹੋਣਾ ਪਾਠਕ੍ਰਮ ਤੋਂ ਬਾਹਰੀ ਕਿਰਿਆਵਾਂ ਵਿੱਚ ਭਾਗ ਲੈਣ ਦੀ ਯੋਗਤਾ ਨੂੰ ਸੀਮਤ ਨਹੀਂ ਕਰਦਾ।
14. ਤੁਹਾਡੇ ਬੱਚਿਆਂ ਵਾਸਤੇ ਸਹਾਇਤਾ ਸੇਵਾਵਾਂ ਪ੍ਰਾਪਤ ਕਰਨ ਦਾ ਅਧਿਕਾਰ (ਉਦਾਹਰਨ ਲਈ, ਅਕਾਦਮਿਕ ਦਖਲਅੰਦਾਜ਼ੀ ਸੇਵਾਵਾਂ) ਜੋ ਕਿਸੇ ਦਖਲਅੰਦਾਜ਼ੀ ਯੋਜਨਾਵਾਂ ਦੇ ਅਨੁਸਾਰੀ ਬਣਾਈਆਂ ਜਾਂਦੀਆਂ ਹਨ ਜੋ ਸਕੂਲ/ਜਿਲ੍ਹਾ ਸਾਰੇ ਵਿਦਿਆਰਥੀਆਂ ਨੂੰ ਪ੍ਰਦਾਨ ਕਰਾਉਂਦਾ ਹੈ।
15. ਹਰ ਸਾਲ ਅੰਗਰੇਜ਼ੀ ਭਾਸ਼ਾ ਦੀ ਪ੍ਰਗਤੀ ਦਾ ਪਤਾ ਲਾਉਣ ਲਈ ਤੁਹਾਡੇ ਬੱਚਿਆਂ ਦਾ ਟੈਸਟ ਕਰਵਾਉਣ, ਅਤੇ ਅਕਾਦਮਿਕ ਟੈਸਟਾਂ ਵਿੱਚ ਤੁਹਾਡੇ ਬੱਚਿਆਂ ਦੇ ਪ੍ਰਦਰਸ਼ਨ ਬਾਰੇ ਜਾਣਕਾਰੀ ਪ੍ਰਾਪਤ ਕਰਨ ਦਾ ਅਧਿਕਾਰ, ਜਿਸ ਵਿੱਚ ਨਿਊ ਯਾਰਕ ਸਟੇਟ ਦੇ ਟੈਸਟ ਵੀ ਸ਼ਾਮਲ ਹਨ।
16. ਤੁਹਾਡੇ ਬੱਚਿਆਂ ਨੂੰ ਲਗਾਤਰ ਸਾਲ-ਦਰ-ਸਾਲ ਕਿਸੇ ਦੁਭਾਸ਼ੀ ਸਿੱਖਿਆ ਜਾਂ "ਨਵੀਂ ਭਾਸ਼ਾ ਵਜੋਂ ਅੰਗਰੇਜ਼ੀ" (English as a New Language) ਪ੍ਰੋਗਰਾਮ ਵਿੱਚ ਦਾਖਲ ਕੀਤੇ ਜਾਣ ਦਾ ਅਧਿਕਾਰ ਜਦ ਤੱਕ ਉਹ ELLs ਰਹਿੰਦੇ ਹਨ।

17. ਨਿਊ ਯਾਰਕ ਸਟੇਟ ਐਜੂਕੇਸ਼ਨ ਡਿਪਾਰਟਮੈਂਟ ਦੇ ਆਫਿਸ ਆਫ ਬਾਈਲਿੰਗੁਅਲ ਐਜੂਕੇਸ਼ਨ ਐਂਡ ਵਰਲਡ ਲੈਂਗੁਏਜਸ (New York State Education Department's Office of Bilingual Education and World Languages) ਨਾਲ ਸੰਪਰਕ ਕਰਨ ਦਾ ਅਧਿਕਾਰ ਜੇਕਰ ਉਪਰੋਕਤ ਅਧਿਕਾਰਾਂ ਵਿੱਚੋਂ ਕਿਸੇ ਦੀ ਵੀ ਉਲੰਘਣਾ ਹੁੰਦੀ ਹੈ।

    ਕਿਰਪਾ ਕਰਕੇ **ELL ਪੇਰੈਂਟ ਹੌਟਲਾਈਨ (ELL Parent Hotline)** ਨੂੰ **1-800-469-8224**'ਤੇ ਕਾਲ ਕਰੋ ਜਾਂ ਈਮੇਲ ਕਰੋ: nysparenthotline@nyu.edu

    ਵਧੇਰੇ ਜਾਣਕਾਰੀ ਵਾਸਤੇ, ਦੇਖੋ: **www.p12.nysed.gov/biling**
    ਜਾਂ ਇਸ ਪਤੇ 'ਤੇ ਲਿਖੋ:

    New York State Education Department
    Office of Bilingual Education & World Languages
    55 Hanson Place, Room 594
    Brooklyn, New York 11217

[1] ਨਿਊ ਯਾਰਕ ਸ਼ਹਿਰ ਵਿੱਚ, ਅਸਪੀਰਾ ਕੌਂਨਸੈਂਟ ਡੈਕਰੀ (Aspira Consent Decree) ਅਨੁਸਾਰ, K-8 ਗਰੇਡਾਂ ਵਿੱਚ ਇੱਕ ਦੁਭਾਸ਼ੀ ਸਿੱਖਿਆ (BE) ਪ੍ਰੋਗਰਾਮ ਦੀ ਲੋੜ ਹੁੰਦੀ ਹੈ ਜੇਕਰ 15 ਜਾਂ ਵਧੇਰੇ ਗਰੇਡ-ਪੱਧਰ ਦੇ ਵਿਦਿਆਰਥੀ ਦੋ ਨਾਲੋ-ਨਾਲ ਗਰੇਡਾਂ ਵਿੱਚ ਇੱਕੋ ਭਾਸ਼ਾ ਬੋਲਦੇ ਹਨ। ਜੇ ਕਿਸੇ ਸਕੂਲ ਵਿੱਚ ਯੋਗਤਾ ਪੂਰੀ ਕਰਨ ਵਾਲੇ ਵਿਦਿਆਰਥੀਆਂ ਦੀ ਸੰਖਿਆ ਕਾਫੀ ਨਹੀਂ ਹੈ, ਪਰ ਇਸਦੇ ਜਿਲ੍ਹੇ ਅੰਦਰ ਹੈ, ਤਾਂ ਜਿਲ੍ਹੇ ਵਾਸਤੇ ਇੱਕ BE ਪ੍ਰੋਗਰਾਮ ਪ੍ਰਦਾਨ ਕਰਾਉਣਾ ਲਾਜ਼ਮੀ ਹੈ।

[2] ਸਾਰੇ ELLs ਆਪਣੇ ਅੰਗਰੇਜ਼ੀ ਭਾਸ਼ਾ ਦੇ ਹੁਨਰ "ਨਵੀਂ ਭਾਸ਼ਾ ਵਜੋਂ ਅੰਗਰੇਜ਼ੀ" ਦੇ ਕੋਰਸਾਂ ਰਾਹੀਂ ਵਿਕਸਿਤ ਕਰਦੇ ਹਨ। ਇਸ ਤੋਂ ਇਲਾਵਾ, ਕਿਸੇ ਦੁਭਾਸ਼ੀ ਸਿੱਖਿਆ ਪ੍ਰੋਗਰਾਮ ਵਿਚਲੇ ਲੋਕ ਘਰੇਲੂ ਭਾਸ਼ਾ ਕਲਾਵਾਂ (Home Language Arts) ਵੀ ਲੈਂਦੇ ਹਨ। ਪ੍ਰਮੁੱਖ ਸਮੱਗਰੀ ਖੇਤਰ ਦੇ ਕੋਰਸਾਂ (ਯਾਨੀ ਕਿ ਗਣਿਤ, ਵਿਗਿਆਨ, ਅਤੇ ਸਮਾਜਕ ਵਿਗਿਆਨ) ਦੀ ਪੇਸ਼ਕਸ਼ ਕਿਸੇ ਦੁਭਾਸ਼ੀ ਸਿੱਖਿਆ ਪ੍ਰੋਗਰਾਮ ਵਿੱਚ ਅੰਗਰੇਜ਼ੀ ਅਤੇ ਉਹਨਾਂ ਦੀ ਘਰੇਲੂ ਭਾਸ਼ਾ *ਦੋਨਾਂ* ਵਿੱਚ ਕੀਤੀ ਜਾਂਦੀ ਹੈ। ਜਿਹੜੇ ਲੋਕ ਕਿਸੇ ਦੁਭਾਸ਼ੀ ਸਿੱਖਿਆ ਪ੍ਰੋਗਰਾਮ ਵਿੱਚ ਨਹੀਂ ਹਨ , ਉਹ ਪ੍ਰਮੁੱਖ ਸਮੱਗਰੀ ਖੇਤਰ ਦੇ ਕੋਰਸ *ਅੰਗਰੇਜ਼ੀ ਵਿੱਚ* ਲੈਂਦੇ ਹਨ।